Alberta

**ਨਿਊਜ਼** ਰਿਲੀਜ਼

# ਧਾਰਮਿਕ ਕਾਮਿਆਂ ਲਈ ਇਮੀਗ੍ਰੇਸ਼ਨ ਦਾ ਨਵਾਂ ਰਸਤਾ

28 ਸਤੰਬਰ, 2022

## ਧਾਰਮਿਕ ਕਾਮੇ ਜੋ ਆਪਣੇ ਭਾਈਚਾਰਿਆਂ ਦੀਆਂ ਅਧਿਆਤਮਕ ਅਤੇ ਪਾਦਰੀ ਦੇ ਕੰਮ ਨਾਲ ਸੰਬੰਧਤ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ, ਤੋਂ ਅਰਜ਼ੀਆਂ ਨੂੰ ਸਵੀਕਾਰ ਕਰਨ ਲਈ ਅਲਬਰਟਾ ਹੋਰ ਸੂਬਿਆਂ ਵਿਚ ਸ਼ਾਮਲ ਹੋਣ ਲਈ ਇਸਦੇ ਪ੍ਰਾਂਤਿਕ ਇਮੀਗ੍ਰੇਸ਼ਨ ਪ੍ਰੋਗਰਾਮ ਨੂੰ ਵੱਡਾ ਕਰੇਗਾ।

ਅਲਬਰਟਾ ਧਾਰਮਿਕ ਪ੍ਰੰਪਰਾਵਾਂ ਦੀ ਵਿਭਿੰਨਤਾ ਵਾਲੀ ਲੜੀ ਨਾਲ ਸਬੰਧਤ ਵਿਸ਼ਵਾਸ ਅਧਾਰਤ ਹਜ਼ਾਰਾਂ ਭਾਈਚਾਰਿਆਂ ਦਾ ਘਰ ਹੈ, ਇਨ੍ਹਾਂ ਵਿਚੋਂ ਕਈ ਆਪਣੀਆਂ ਧਾਰਮਿਕ, ਪਾਦਰੀ ਸੇਵਾਵਾਂ ਅਤੇ ਅਧਿਆਤਮਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਵਿਦੇਸ਼ਾਂ ਵਿਚਲੇ ਪਾਦਰੀਆਂ ਅਤੇ ਧਾਰਮਿਕ ਕਾਮਿਆਂ ਉੱਪਰ ਨਿਰਭਰ ਕਰਦੇ ਹਨ। ਪਰ, ਮੌਜੂਦਾ ਸਮੇਂ ਅਲਬਰਟਾ ਵਿਚ ਸਥਾਈ ਨਿਵਾਸ ਦੀ ਮੰਗ ਕਰਨ ਜਾਂ ਪ੍ਰਾਪਤ ਕਰਨ ਲਈ ਸਪੱਸ਼ਟ ਤਰੀਕਾ ਨਹੀਂ ਹੈ, ਇਸਦਾ ਭਾਵ ਹੈ ਕਿ ਕਈਂ ਚੰਗੀ ਤਰ੍ਹਾਂ ਸਥਾਪਤ ਧਾਰਮਿਕ ਕਾਮੇ ਜੋ ਆਪਣੇ ਭਾਈਚਾਰਿਆਂ ਨਾਲ ਨਜ਼ਦੀਕੀ ਰਿਸ਼ਤਾ ਵਿਕਸਤ ਕਰ ਲੈਂਦੇ ਹਨ, ਉਨ੍ਹਾਂ ਨੂੰ ਆਪਣੀ ਆਰਜ਼ੀ ਰਿਹਾਇਸ਼ ਦੀ ਅਵਧੀ ਦੇ ਸਮਾਪਤ ਹੋਣ 'ਤੇ ਦੇਸ਼ ਛੱਡ ਕੇ ਜਾਣਾ ਪੈਂਦਾ ਹੈ।

ਇਹ ਯਕੀਨੀ ਬਣਾਉਣ ਲਈ ਕਿ ਧਾਰਮਿਕ ਸੰਗਠਨ ਆਪਣੇ ਧਾਰਮਿਕ ਇਕੱਠਾਂ ਦੀ ਵਧੀਆ ਤਰੀਕੇ ਨਾਲ ਸੇਵਾ ਕਰ ਸਕਣ, ਅਲਬਰਟਾ ਦੀ ਸਰਕਾਰ ਇਨ੍ਹਾਂ ਕਾਮਿਆਂ ਨੂੰ ਆਕਰਸ਼ਿਤ ਕਰਨ ਲਈ ਅਲਬਰਟਾ ਐਡਵਾਂਟੇਜ ਇਮੀਗ੍ਰੇਸ਼ਨ ਪ੍ਰੋਗਰਾਮ ਦੇ ਅਧੀਨ ਕਦਮ ਚੁੱਕ ਰਹੀ ਹੈ।

ਨਵੇਂ ਆਉਣ ਵਾਲੇ ਧਾਰਮਿਕ ਪੇਸ਼ੇਵਰ ਹੁਣ ਅਲਬਰਟਾ ਓਪਰਚੂਨਿਟੀ ਸਟ੍ਰੀਮ, ਅਲਬਰਟਾ ਐਕਸਪ੍ਰੈਸ ਐਂਟਰੀ ਸਟ੍ਰੀਮ ਅਤੇ ਰੂਰਲ ਰਿਨੁਅਲ ਸਟ੍ਰੀਮ ਦੇ ਅਧੀਨ ਅਰਜ਼ੀ ਦੇਣ ਦੇ ਪਾਤਰ ਹਨ ਤਾਂ ਜੋ ਉਹ ਧਾਰਮਿਕ ਸੰਗਠਨਾਂ ਨਾਲ ਕੰਮ ਕਰ ਸਕਣ ਅਤੇ ਪ੍ਰਾਂਤ ਵਿਚ ਸਥਾਈ ਤੌਰ 'ਤੇ ਸਥਾਪਤ ਹੋ ਸਕਣ। ਅਰਜ਼ੀ ਦੇਣ ਵਾਲਿਆਂ ਕੋਲ ਅਲਬਰਟਾ ਅਧਾਰਤ ਵਿਸ਼ਵਾਸ ਅਧਾਰਤ ਸੰਗਠਨ ਤੋਂ ਇਕ ਨੌਕਰੀ ਦੀ ਪੇਸ਼ਕਸ਼ ਲਾਜ਼ਮੀ ਤੌਰ 'ਤੇ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਪ੍ਰੋਗਰਾਮ ਦੇ ਅਧੀਨ ਦੇ ਮੌਜੂਦਾ ਮਾਪਦੰਡਾਂ ਨੂੰ ਪੂਰਾ ਕਰਨਾ ਚਾਹੀਦਾ ਹੈ, ਇਸ ਵਿਚ ਭਾਸ਼ਾ, ਸਿੱਖਿਆ ਅਤੇ ਦਿਹਾੜੀ ਦੀਆਂ ਜ਼ਰੂਰਤਾਂ ਸ਼ਾਮਲ ਹਨ।

ਇਹ ਬਦਲਾਵ ਅਲਬਰਟਾ ਨੂੰ ਦੂਜੇ ਪ੍ਰਾਂਤਾਂ ਜਿਨ੍ਹਾਂ ਵਿਚ ਬ੍ਰਿਟਿਸ਼ ਕੋਲੰਬੀਆ, ਸਸਕੈਚਵਾਨ, ਮੈਨੀਟੋਬਾ ਅਤੇ ਉਂਟਾਰਿਓ ਸ਼ਾਮਲ ਹਨ ਅਤੇ ਜੋ ਧਾਰਮਿਕ ਕਾਮਿਆਂ ਨੂੰ ਪ੍ਰਾਂਤਕ ਇਮੀਗ੍ਰੇਸ਼ਨ ਪ੍ਰੋਗਰਾਮਾਂ ਅਧੀਨ ਅਰਜ਼ੀ ਦੇਣ ਦੀ ਆਗਿਆ ਦਿੰਦੇ ਹਨ, ਨਾਲ ਇਕਸਾਰ ਕਰਦੇ ਹਨ।

ਵਰਗੀਕਰਣ: ਜਨਤਕ

ਅਲਬਰਟਾ ਦੀ ਸਰਕਾਰ ਲੇਬਰ ਮਾਰਕੀਟ ਦੀ ਨਿਗਰਾਨੀ ਕਰਨੀ ਜਾਰੀ ਰੱਖੇਗੀ ਅਤੇ ਇਹ ਯਕੀਨੀ ਬਣਾਉਣ ਲਈ ਕਿ ਇਹ ਬਦਲਾਵ ਅਲਬਰਟਾ ਦੀ ਅਰਥਵਿਵਸਥਾ ਅਤੇ ਭਾਈਚਾਰਿਆਂ ਦਾ ਸਮਰਥਨ ਕਰਦਾ ਹੈ, ਇਹ ਅਲਬਰਟਾ ਐਡਵਾਂਟੇਜ ਇਮੀਗ੍ਰੇਸ਼ਨ ਪ੍ਰੋਗਰਾਮ ਵਿਚ ਬਦਲਾਵ ਕਰੇਗੀ।

## ਫੌਰੀ ਤੱਥ

- ਅਲਬਰਟਾ ਐਡਵਾਂਟੇਜ ਇਮੀਗ੍ਰੇਸ਼ਨ ਪ੍ਰੋਗਰਾਮ ਇਕ ਸੰਘੀ-ਪ੍ਰਾਂਤਕ ਪ੍ਰੋਗਰਾਮ ਹੈ ਜੋ ਵਿਅਕਤੀਆਂ ਨੂੰ ਅਲਬਰਟਾ ਵਿਚ ਸਥਾਈ ਰਿਹਾਇਸ਼ ਲਈ ਨਾਮਾਂਕਿਤ ਕਰਦਾ ਹੈ ਜੇ ਉਨ੍ਹਾਂ ਕੋਲ ਨੌਕਰੀਆਂ ਦੀ ਘਾਟ ਨੂੰ ਪੂਰਾ ਕਰਨ ਦੇ ਹੁਨਰ ਹਨ ਅਤੇ ਜਾਂ ਉਹ ਅਲਬਰਟਾ ਵਿਚ ਇਕ ਕਾਰੋਬਾਰ ਖ਼੍ਰੀਦਣ ਜਾਂ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੇ ਹਨ।
- ਧਾਰਮਿਕ ਕਾਮੇ ਅਲਬਰਟਾ ਓਪਰਚੂਨਿਟੀ ਸਟ੍ਰੀਮ, ਰੂਰਲ ਰਿਨੂਅਲ ਸਟ੍ਰੀਮ ਅਤੇ ਅਲਬਰਟਾ ਐਕਸਪ੍ਰੈਸ ਐਂਟਰੀ ਸਕੀਮ ਦੇ ਅਧੀਨ ਅਰਜ਼ੀ ਦੇ ਸਕਦੇ ਹਨ ਜੇ ਉਹ ਪਾਤਰਤਾ ਦੇ ਮੌਜੂਦਾ ਮਾਪਦੰਡ ਪੂਰੇ ਕਰਦੇ ਹਨ।
    - ਅਲਬਰਟਾ ਓਪਰਚੂਨਿਟੀ ਸਟ੍ਰੀਮ ਉਨ੍ਹਾਂ ਆਰਜ਼ੀ ਵਿਦੇਸ਼ੀ ਕਾਮਿਆਂ ਲਈ ਹੈ ਜੋ ਪਹਿਲਾਂ ਤੋਂ ਅਲਬਰਟਾ ਵਿਚ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਕੋਲ ਇਕ ਪਾਤਰਤਾ ਵਾਲੇ ਪੇਸ਼ੇ ਵਿਚ ਅਲਬਰਟਾ ਦੇ ਰੁਜ਼ਗਾਰਦਾਤੇ ਦੀ ਤਰਫ਼ੋਂ ਪੂਰਨ-ਕਾਲਿਕ ਨੌਕਰੀ ਦੀ ਪੇਸ਼ਕਸ਼ ਹੈ।
    - ਰੂਰਲ ਰਿਨੂਅਲ ਸਟ੍ਰੀਮ ਉਨ੍ਹਾਂ ਵਿਅਕਤੀਆਂ ਲਈ ਹੈ ਜਿਨ੍ਹਾਂ ਕੋਲ ਅਲਬਰਟਾ ਦੇ ਨਿਰਧਾਰਤ ਪੇਂਡੂ ਭਾਈਚਾਰਿਆਂ ਵਿਚੋਂ ਕਿਸੇ ਇਕ ਵਿਚ ਕੰਮ ਕਰਨ ਲਈ ਭਾਈਚਾਰੇ ਦੁਆਰਾ ਸਮਰਥਿਤ ਨੌਕਰੀ ਦੀ ਪੇਸ਼ਕਸ਼ ਹੈ।
    - ਅਲਬਰਟਾ ਐਕਸਪ੍ਰੈਸਟ ਐਂਟਰੀ ਸਟ੍ਰੀਮ ਅਲਬਰਟਾ ਨੂੰ ਸੰਘੀ ਐਕਸਪ੍ਰੈਸ ਐਂਟਰੀ ਪ੍ਰਣਾਲੀ ਤੋਂ ਆਏ ਪਾਤਰ ਉਮੀਦਵਾਰਾਂ, ਜੋ ਅਲਬਰਟਾ ਨਾਲ ਮਜ਼ਬੂਤ ਜੁੜਾਵ ਦਾ ਪ੍ਰਦਰਸ਼ਨ ਕਰਦੇ ਹਨ ਜਾਂ ਅਜਿਹੇ ਪੇਸ਼ੇ ਵਿਚ ਕੰਮ ਕਰ ਰਹੇ ਹਨ ਜੋ ਅਲਬਰਟਾ ਦੇ ਆਰਥਿਕ ਵਿਕਾਸ ਅਤੇ ਵਿਭਿੰਨਤਾ ਦਾ ਸਮਰਥਨ ਕਰਦਾ ਹੈ, ਨੂੰ ਨਾਮਾਂਕਿਤ ਕਰਨ ਦੀ ਆਗਿਆ ਦਿੰਦੀ ਹੈ।

## ਸੰਬੰਧਤ ਜਾਣਕਾਰੀ

- ਅਲਬਰਟਾ ਐਡਵਾਂਟੇਜ ਇਮੀਗ੍ਰੇਸ਼ਨ ਪ੍ਰੋਗਰਾਮ
- ਅਲਬਰਟਾ'ਜ਼ ਰਿਕਵਰੀ ਪਲਾਨ

ALBERTA'S RECOVERY PLAN

Alberta's Recovery Plan is a plan to breathe new life into Alberta's economy and create new opportunities for every Albertan. It's a plan to build, to diversify, and to create jobs.